ਸਪੋਰਟਰ ਜੀ,

ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ 2020 ਸੈਂਸਸ ਨੂੰ ਭਰਨ ਲਈ ਸਿਰਫ਼ 36 ਦਿਨ ਹੋਰ ਰਹਿ ਗਏ ਹਨ।

ਆਮ ਤੌਰ ਤੇ ਅਮਰੀਕਾ ਦਾ ਸੈਂਸਸ ਬਿਊਰੋ ਸਿੱਖਾਂ ਨੂੰ ਇਕ 'ਮੁਸ਼ਕਿਲ ਨਾਲ ਗਿਣੇ' ਜਾਣ ਵਾਲੀ ਆਬਾਦੀ ਦੇ ਤੌਰ ਤੇ ਵੇਖਦਾ ਹੈ। ਬਦਕਿਸਮਤੀ ਨਾਲ ਅਸੀਂ ਇਕ ਵਾਰ ਫ਼ਿਰ ਉਸ ਸ਼੍ਰੇਣੀ ਵਿਚ ਸ਼ਾਮਿਲ ਹੋਣ ਵਲ ਵੱਧ ਰਹੇ ਹਾਂ; ਸੈਂਸਸ ਦੀ ਗਿਣਤੀ ਸਾਰੇ ਹੀ ਦੇਸ਼ ਵਿਚ ਘੱਟ ਹੈ, ਖ਼ਾਸ ਕਰ ਕੇ ਉਹਨਾਂ ਇਲਾਕਿਆਂ ਵਿਚ ਜਿਥੇ ਸਿੱਖਾਂ ਦੀ ਗਿਣਤੀ ਵੱਧ ਹੈ, ਜਿਵੇਂ ਕਿ ਨਿਊ ਯਾਰਕ ਸ਼ਹਿਰ ਦਾ ਕੁਈਨਜ਼ ਇਲਾਕਾ। COVID-19 ਮਹਾਂਮਾਰੀ ਅਤੇ ਟਰੰਪ ਸਰਕਾਰ ਦੇ ਸੈਂਸਸ ਨੂੰ ਤੈ ਹੋਈ ਤਾਰੀਕ ਤੋਂ ਪਹਿਲਾਂ ਖ਼ਤਮ ਕਰਨ ਦੇ ਫ਼ੈਸਲੇ ਕਰਕੇ ਗਿਣਤੀ ਦੇ ਘੱਟ ਹੋਣ ਦੇ ਆਸਾਰ ਬਹੁਤ ਜ਼ਿਆਦਾ ਹਨ।

**ਇਹ ਹੁਣ ਤੁਹਾਡੇ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੀ ਕਮਿਊਨਟੀ ਦੀ ਮੱਦਦ ਕਰਨ ਲਈ ਆਪਣੇ ਸਾਰੇ ਜਾਣਕਾਰਾਂ ਅਤੇ ਸੰਬੰਧੀਆਂ ਨੂੰ ਸੈਂਸਸ ਨੂੰ ਅੱਜ ਹੀ ਭਰਨ ਲਈ ਉਤਸ਼ਾਹਿਤ ਕਰੋ।**

ਤੁਸੀਂ ਸਾਡੇ ਵਲੋਂ ਜਾਰੀ ਕੀਤੇ ਸੈਂਸਸ ਨੂੰ ਭਰਨ ਦੇ ਨਿਰਦੇਸ਼ ਵੇਖੇ ਹੀ ਹੋਏ ਹਨ, ਜੋ ਕਿ ਪੰਜਾਬੀ ਅਤੇ ਅੰਗਰੇਜ਼ੀ ਵਿਚ ਉਪਲੱਭਧ ਹਨ। ਇਸਦੇ ਨਾਲ ਅਸੀਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਵੀਡੀਓ ਵੀ ਜਾਰੀ ਕਿੱਤਿਆਂ ਹਨ ਜੋ ਕਿ ਇਹ ਦੱਸਦਿਆਂ ਹਨ ਕਿ ਸੈਂਸਸ ਵਰਕਰਾਂ ਦੇ ਘਰ ਘਰ ਜਾਕੇ ਸੈਂਸਸ ਭਰਨ ਨਾਲ ਸੰਬੰਧਿਤ ਸਕੈਮ ਕਿਵੇਂ ਹੋ ਸਕਦੇ ਹਨ। ਤੁਸੀਂ ਸਾਡੇ FAQ ਵੀ ਪੜ੍ਹੇ ਹਨ ਜੋ ਕਿ ਇਹ ਦੱਸਦੇ ਹਨ ਕਿ ਸਰਕਾਰ ਵਲੋਂ ਦਿੱਤੇ ਜਾਣ ਵਾਲੇ 600 ਬਿਲੀਅਨ ਡਾਲਰ ਕਿਵੇਂ ਅਤੇ ਕਿਥੇ ਖਰਚੇ ਜਾਣੇ ਹਨ ਅਤੇ ਸਾਡੇ ਪਾਲਿਟਿਕਲ ਸਿਸਟਮ ਵਿਚ ਸਾਡੀ ਨੁਮਾਇੰਦਗੀ ਕਿਵੇਂ ਕਿੱਤੀ ਜਾਏਗੀ। ਹੋ ਸਕਦਾ ਹੈ ਕਿ ਤੁਸੀਂ ਸੋਸ਼ਲ ਮੀਡਿਆ ਤੇ ਸਾਡੀ ਨਵੀਂ ਵੀਡੀਓ ਵੀ ਵੇਖੀ ਹੋਵੇ ਜਿਸ ਵਿਚ ਸਾਰੀ ਜਾਣਕਾਰੀ ਹੈ ਕਿ ਸਿੱਖ ਕੋਲਿਸ਼ਨ ਨੇ 2020 ਸੈਂਸਸ ਲਈ ਕਿ ਕੰਮ ਕੀਤੇ ਹਨ।

ਹੁਣ ਤੁਸੀਂ ਸਿਰਫ਼ ਇਹਨਾਂ ਕਰਨਾ ਹੈ ਕਿ ਆਪਣੇ ਸੈਂਸਸ ਨੂੰ ਭਰੋ ਅਤੇ ਆਪਣੀ ਸੰਗਤ ਵਿਚ ਸਾਰਿਆਂ ਨੂੰ ਭਰਨ ਵਿਚ ਮੱਦਦ ਕਰੋ. ਹੇਠਾਂ ਦਿੱਤਾ ਮੈਸਜ ਆਪਣੇ ਗੁਰਦਵਾਰੇ ਦੇ ਵਾਟਸ-ਐਪ ਜਾਂ ਫੇਸਬੁੱਕ ਦੇ ਗਰੁੱਪ ਵਿਚ ਕਾਪੀ ਕਰ ਕੇ ਪਾਓ।

> *Waheguru Ji Ka Khalsa, Waheguru Ji Ki Fateh! Have you submitted your census responses at www.my2020census.gov? The 2020 Census ends at the end of September, and making sure everyone in our sangat submits their responses is key to getting our community the resources and representation we need. Learn more at www.sikhcoalition.org/2020census.*
>
> *ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕਿ ਫਤਿਹ! ਕਿ ਤੁਸੀਂ www.my2020census.gov ਤੇ ਜਾਕੇ ਆਪਣਾ ਸੈਂਸਸ ਦਾ ਫ਼ਾਰਮ ਭਰਿਆ ਹੈ? 2020 ਸੈਂਸਸ ਸਿਤੰਬਰ ਦੇ ਅੰਤ ਵਿਚ ਖਤਮ ਹੋ ਰਿਹਾ ਹੈ ਅਤੇ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਸਾਡੀ ਸੰਗਤ ਦੇ ਸਾਰੇ ਮੈਂਬਰ ਆਪਣੇ ਫਾਰਮ ਜ਼ਰੂਰ ਭਰਨ ਤਾਂ ਜੋ ਸਾਡੀ ਕਮਿਊਨਟੀ ਨੂੰ ਲੋੜਵੇਂ ਸਰੋਤ ਅਤੇ ਨੁਮਾਇੰਦਗੀ ਮਿੱਲ ਸਕੇ। ਹੋਰ ਜਾਣਕਾਰੀ ਲੈਣ ਲਈ ਤੁਸੀਂ www.sikhcoalition.org/2020census ਤੇ ਜਾ ਸਕਦੇ ਹੋ।*

ਇਸ ਜ਼ਰੂਰੀ ਕਾਰਜ ਦੇ ਜ਼ਰੀਏ ਸਿੱਖਾਂ ਦੀ ਆਵਾਜ਼ ਨੂੰ ਸਹੀ ਢੰਗ ਨਾਲ ਸੁਨਾਏ ਜਾਣ ਵਿਚ ਆਪਣਾ ਯੋਗਦਾਨ ਪਾਉਣ ਲਈ ਬਹੁਤ ਬਹੁਤ ਧੰਨਵਾਦ। ਜੇ ਤੁਹਾਡੇ ਕੁਝ ਸਵਾਲ ਹਨ ਤਾਂ ਕਿਰਪਾ ਕਰਕੇ community@sikhcoalition.org ਤੇ ਈ-ਮੇਲ ਕਰੋ।

ਚੜ੍ਹਦੀ ਕਲਾ,
ਨਿੱਕੀ ਸਿੰਘ
ਪਾਲਿਸੀ ਅਤੇ ਐਡਵੋਕੇਸੀ ਮੈਨੇਜਰ
ਸਿੱਖ ਕੋਲਿਸ਼ਨ

ਨੋਟ - ਸੈਂਸਸ ਲਈ ਇਹ ਸਾਡੀ ਅਖੀਰਲੀ ਈ-ਮੇਲ ਹੋਵੇਗੀ, ਅਤੇ ਇਸ ਤੋਂ ਬਾਅਦ ਅਸੀਂ ਆਪਣਾ ਸਾਰਾ ਟਾਈਮ **ਗੇਟ ਆਊਟ ਦ ਵੋਟ** (GOTV) ਵੱਲ ਲਾਵਾਂਗੇ। ਕਿ ਤੁਸੀਂ ਮੁਫ਼ਤ ਵਿਚ ਆਪਣੀ ਵੋਟਰ ਰਜਿਸਟਰੇਸ਼ਨ ਦੀ ਜਾਂਚ ਕੀਤੀ ਹੈ, ਆਪਣੀ ਸਟੇਟ ਦੇ ਡਾਕ ਰਾਹੀਂ ਵੋਟ ਪਾਉਣ ਦੇ ਨਿਯਮ ਵੇਖੇ ਹਨ ਜਾਂ ਆਪਣੀ ਸੰਗਤ ਵਿਚ ਸਿੱਖ ਵੋਟਰਾਂ ਨੂੰ ਰਜਿਸਟਰ ਕਰਨ ਲਈ ਵਲੰਟੀਅਰ ਕਿੱਤਾ ਹੈ?